11-2-96

# ਕਲਾ ਦੇ ਝਰੋਖੇ ਤੋਂ

ਗੁਰਸ਼ਰਨ ਸਿੰਘ

**ਨਵੀਂ ਨੁਹਾਰ ਦੀ ਕਵਿਤਾ:** ਕਵਿਤਾ ਕੁਝ ਕਹਿਣ ਲਈ ਹੁੰਦੀ ਹੈ। ਕਵਿਤਾ ਵਿਚ ਜਿਥੇ ਕਵੀ ਦੇ ਅੰਦਰਲੇ ਮਨ ਦੀ ਆਵਾਜ਼ ਹੁੰਦੀ ਹੈ ਉਥੇ ਉਸ ਵਿਚ ਸਮਾਜ ਲਈ ਵੀ ਕੋਈ ਸੁਨੇਹਾ ਹੁੰਦਾ ਹੈ। ਜ਼ਿੰਦਗੀ ਦੀਆਂ ਸੱਚਾਈਆਂ ਨੂੰ ਕਾਵਿਕ ਸੰਵੇਦਨਾ ਨਾਲ ਅਤੇ ਇਹਨੂੰ ਸੋਹਣਾ ਬਣਾਉਣ ਦੇ ਉਪਰਾਲੇ ਨੂੰ ਕਾਵਿਕ ਮੁਹਾਵਰੇ ਵਿਚ ਪੇਸ਼ ਕਰਨਾ ਧਰਮ ਕੰਮੇਆਣਾ ਦੀ ਨਵੀਂ ਕਿਤਾਬ 'ਅੱਗ ਦੇ ਫੁੱਲ' ਦੀਆਂ ਬਹੁਤ ਸਾਰੀਆਂ ਕਵਿਤਾਵਾਂ ਦੀ ਵਿਸ਼ੇਸ਼ਤਾ ਹੈ। ਦਲੇਰਾਨਾ ਅਤੇ ਬੇਬਾਕ ਬਿਆਨ, ਜਿਹੜੇ ਕੰਮੇਆਣਾ ਦੀ ਸ਼ਾਇਰੀ ਦੀ ਸ਼ੈਲੀ ਹੈ, ਉਹ ਸ਼ੈਲੀ ਵੀ ਇਨ੍ਹਾਂ ਕਵਿਤਾਵਾਂ ਵਿਚ ਨਿੱਖਰ ਕੇ ਸਾਹਮਣੇ ਆਂਦੀ ਹੈ। 'ਮੱਧ ਵਰਗ' ਨਾਂ ਦੀ ਕਵਿਤਾ ਇਹਦੀ ਇਕ ਮਿਸਾਲ ਹੈ, "ਉਚੀ ਕੁਰਸੀ, ਮਹਿੰਗੀ ਸਵਾਰੀ, ਚੰਚਲ ਬੀਵੀ, ਸੁੰਦਰਮ ਰੈਣ ਬਸੇਰਾ, ਸਭ ਕੁਝ ਹੀ ਹੈ ਕੋਲ... ਫਿਰ ਧੁਰ ਅੰਦਰ, ਇਹ ਖਾਲੀਪਣ ਕਿਉਂ ਹੈ? ਭਰੇ ਖੂਹ 'ਚ ਲਟਕ ਰਿਹਾ ਕਿਉਂ ਖਾਲੀ ਡੋਲ, ਦਿਉ ਕੱਦ ਬਿਰਖ ਦੇ ਅੰਦਰ ਜਿਉਂ ਕੋਈ ਹੋਵੇ ਪੋਲ... ਜੇ ਸਭ ਕੁਝ ਹੀ ਹੈ ਕੋਲ, ਤਾਂ ਫਿਰ ਕੀ ਨਹੀਂ ਕੋਲ।"

ਆਖਰੀ ਸਤਰ ਦੇ ਕਾਵਿਕ ਮੁਹਾਵਰੇ ਵਿਚ ਮੱਧ ਵਰਗ ਦੀ ਸਾਰੀ ਤ੍ਰਾਸਦੀ ਦਾ ਜ਼ੋਰਦਾਰ ਪ੍ਰਗਟਾਵਾ ਹੈ।

ਇਕ ਹੋਰ ਕਵਿਤਾ 'ਆਮ ਆਦਮੀ' ਵਿਚ ਵੀ ਇਹ ਕਾਵਿਕ ਸ਼ੈਲੀ ਰੂਪਮਾਨ ਹੁੰਦੀ ਹੈ, ਆਮ ਆਦਮੀ ਬਹੁਤ ਕੁਝ ਚਾਹੁੰਦਿਆਂ ਹੋਇਆਂ ਵੀ ਚੁੱਪ ਦਰਸ਼ਕ ਹੋ ਕੇ ਰਹਿ ਗਿਆ ਹੈ। ਉਸ ਨੂੰ ਇਸ ਅਵਸਥਾ ਤੋਂ ਬਾਹਰ ਲਿਆਉਣਾ ਚਾਹੀਦਾ ਹੈ, "ਆਮ ਆਦਮੀ ਨੂੰ, ਆਪਣੀ ਰੋਜ਼ੀ-ਰੋਟੀ ਤਕ ਮਤਲਬ ਹੁੰਦਾ ਹੈ।... ਆਮ ਆਦਮੀ ਬੀਵੀ ਬੱਚਿਆਂ 'ਚ ਸਾਰਾ ਸੰਸਾਰ ਤੱਕਦਾ ਹੈ।... ਉਹਦੇ ਲਈ ਕੰਮ ਮਿਲਣਾ ਖੁਸ਼ੀ ਹੈ ਤੇ ਕੰਮ ਨਾ ਮਿਲਣਾ ਉਦਾਸੀ।... ਆਮ ਆਦਮੀ ਨਹੀਂ ਜਾਣਦਾ ਕਿ ਚੌਂਕਾਂ 'ਚ ਬੰਬ ਕਿਉਂ ਫਟਦੇ ਨੇ, ਬਾਜ਼ਾਰਾਂ 'ਚ ਕਰਫਿਊ ਕਿਉਂ ਲਗਦਾ ਹੈ... ਕਿ ਉਹਦੇ ਮੂੰਹ 'ਚੋਂ ਨਿਵਾਲੇ ਤੇ ਸਿਰਾਂ ਤੋਂ ਛੱਤ ਕੌਣ ਚੋਰੀ ਕਰਦਾ ਹੈ, ਆਮ ਆਦਮੀ ਨਹੀਂ ਜਾਣਦਾ ਕਿ ਉਸ ਨੂੰ ਸਭ ਕੁਝ ਜਾਣਨਾ ਚਾਹੀਦਾ ਹੈ।"

ਇਕ ਹੋਰ ਕਵਿਤਾ 'ਮਜ਼ਦੂਰ'- "ਚੰਗੇ ਲਗਦੇ ਨੇ ਮਜ਼ਦੂਰ ਖੇਤਾਂ ਵਿਚ ਮੁੜ੍ਹਕਾ ਬੀਜ ਕੇ ਸੁੰਦਰਤਾ ਉਗਾਂਦੇ, ਦੀਨ ਦੁਖੀ ਦੀ ਭੁੱਖ, ਤ੍ਰੇਹ ਬੁਝਾਉਂਦੇ... ਬੁਰਾ ਲਗਦਾ ਹੈ ਸਿਰਜਣਹਾਰਿਆਂ ਨੂੰ ਮੈਲੀਆਂ ਝੁੱਗੀਆਂ 'ਚ ਤੱਕ ਕੇ, ਜ਼ਿੰਦਗੀ ਦੇ ਨਾਂ 'ਤੇ ਜੂਨ ਭੋਗਣਾ,... ਮੱਥੇ ਦੀ ਤਿਊੜੀ ਦਾ ਹੱਲ, ਸਸਤੀ ਜਿਹੀ ਜ਼ਹਿਰੀਲੀ ਸ਼ਰਾਬ 'ਚੋਂ ਲੱਭਣਾ, ਤੀਵੀਂ ਤੇ ਬੱਚਿਆਂ ਨੂੰ ਧੌਲ-ਧੱਫਾ, ਗੁੱਸਾ ਹੋਰ ਦਾ ਹੋਰ 'ਤੇ ਕੱਢਣਾ।... ਚੰਗੇ ਲਗਦੇ ਨੇ ਮਜ਼ਦੂਰ, ਜਿਨ੍ਹਾਂ ਦੇ ਮੱਥੇ ਦੀ ਤਿਊੜੀ ਹੇਠ, ਸੈਂਕੜੇ ਭੁਚਾਲ ਲੁਕੇ ਹੋਏ ਨੇ।"

'ਅੱਗ ਦੇ ਫੁੱਲ' ਕੰਮੇਆਣਾ ਦੇ ਕਾਵਿਕ ਸਫਰ 'ਵਿਚ ਇਕ ਨਵੀਂ ਨੁਹਾਰ ਦੀ ਕਵਿਤਾ ਹੈ। ਇਸ ਦਾ ਸੁਆਗਤ ਕਰਨਾ ਬਣਦਾ ਹੈ।

**ਪਲਸ ਮੰਚ ਸਮਾਗਮ ਦੇ ਦੋ ਨਾਟਕਾਂ ਬਾਰੇ:** 25-26 ਜਨਵਰੀ ਦੀ ਦਰਮਿਆਨੀ ਰਾਤ ਹੋਰਨਾਂ ਨਾਟਕਾਂ ਤੋਂ ਇਲਾਵਾ ਦੋ ਨਾਟਕ ਆਮ ਤੋਂ ਹਟ ਕੇ ਸ਼ੈਲੀ ਵਿਚ ਕੀਤੇ ਗਏ। ਇਕ ਨਾਟਕ ਸੀ ਪ੍ਰੋ. ਮੁਹੰਮਦ ਰਫੀ ਦਾ ਲਿਖਿਆ ਹੋਇਆ, 'ਤੇਰਾ ਨਹੀਂ, ਮੇਰਾ ਨਹੀਂ, ਹਮਾਰਾ ਹੈ ਅਤੇ ਦੂਜਾ ਨਾਟਕ ਸੀ ਗੁਰਸ਼ਰਨ ਸਿੰਘ ਦਾ ਲਿਖਿਆ 'ਸਿਉਂਕ।' ਪਹਿਲਾ ਨਾਟਕ ਮੁੱਲਾਂਪੁਰ ਦੀ ਟੀਮ ਵਲੋਂ ਹਰਕੇਸ਼ ਚੌਧਰੀ ਦੀ ਨਿਰਦੇਸ਼ਨਾ ਥੱਲੇ ਕੀਤਾ ਗਿਆ ਅਤੇ ਦੂਜਾ ਨਾਟਕ ਨਰਿੰਦਰ ਸਾਂਘੀ ਦੀ ਨਿਰਦੇਸ਼ਨਾ ਥੱਲੇ ਖਾਲਸਾ ਕਾਲਜ ਫਾਰ ਵਿਮਨ ਦੀਆਂ ਵਿਦਿਆਰਥਣਾਂ ਵਲੋਂ ਖੇਡਿਆ ਗਿਆ। ਇਨ੍ਹਾਂ ਦੋਵਾਂ ਨਾਟਕਾਂ ਦੀਆਂ ਸਫਲ ਪੇਸ਼ਕਾਰੀਆਂ ਨੇ ਇਹ ਗੱਲ ਸਾਹਮਣੇ ਲਿਆਂਦੀ ਹੈ ਕਿ ਨਾਟਕ ਡੀਜ਼ਾਇਨਿੰਗ ਵਿਚ ਬੜੀ ਵੰਨ-ਸੁਵੰਨਤਾ ਹੈ।

ਕਿਸੇ ਇਕ ਰੂਪ ਜਾਂ ਸ਼ੈਲੀ ਨੂੰ ਅਪਣਾਕੇ ਨਾਟਕ ਵਿਚ ਵਿਸ਼ਾਲਤਾ ਲਿਆਈ ਜਾ ਸਕਦੀ ਹੈ। 'ਤੇਰਾ ਨਹੀਂ...' ਨਾਟਕ ਵਿਚ ਆਦਿ ਮਨੁੱਖ ਤੋਂ ਲੈ ਕੇ ਆਧੁਨਿਕ ਮਨੁੱਖ ਤਕ ਦੀ ਵਿਕਾਸ ਦੀ ਕਹਾਣੀ ਪੇਸ਼ ਕੀਤੀ ਗਈ। ਸੱਤ ਪਾਤਰ ਜਿਹੜੇ ਸਿਰੋਂ ਗੰਜੇ ਤੇ ਅੱਧਕੱਜੇ ਜਿਸਮਾਂ ਵਿਚ ਸਨ, ਉਹ ਇਕੋ ਜਿਹੇ ਵੀ ਲਗਦੇ ਸਨ ਤੇ ਵੱਖ ਵੱਖ ਵੀ ਲਗਦੇ ਸਨ। ਉਨ੍ਹਾਂ ਨੇ ਵੰਨ-ਸੁਵੰਨੀਆਂ ਕੰਪੋਜ਼ੀਸ਼ਨਾਂ ਅਤੇ ਮੁਦਰਾਵਾਂ ਵਿਚ ਸਾਰੀ ਕਹਾਣੀ ਪੇਸ਼ ਕੀਤੀ। ਇਸ ਵਿਚ ਮਨੁੱਖ ਦੀ ਸਾਂਝੀ ਮਿਹਨਤ ਨਾਲ ਜ਼ਿੰਦਗੀ ਦੇ ਵਿਕਾਸ ਦੀ ਵੀ ਗੱਲ ਸੀ ਅਤੇ ਇਸ ਸਾਂਝੀ ਮਿਹਨਤ ਉਤੇ ਵਿਸ਼ੇਸ਼ ਵਰਗ ਵਲੋਂ ਸ਼ੋਸ਼ਣ ਦੀ ਵੀ ਗੱਲ ਸੀ।

ਨਾਟਕ 'ਸਿਉਂਕ' ਵਿਚ ਪੜ੍ਹੇ-ਲਿਖੇ ਇਕ ਬੇਰੁਜ਼ਗਾਰ ਦੀ ਕਹਾਣੀ ਸੀ। ਕੇਂਦਰੀ ਨੁਕਤਾ ਸੀ ਕਿ ਸਮਾਜ ਦੀਆਂ ਸਾਰੀਆਂ ਕਦਰਾਂ ਕੀਮਤਾਂ ਸਿਉਂਕੀਆਂ ਗਈਆਂ ਹਨ। ਸਿਉਂਕ ਦਾ ਇਕੋ ਇਲਾਜ ਹੈ ਕਿ ਉਸ ਥਾਂ ਨੂੰ ਅੱਗ ਲਾ ਦਿਓ ਜਿਸ ਤੋਂ ਇਹ ਜਨਮ ਲੈਂਦੀ ਹੈ। ਇਸ ਨਾਟਕ ਦੀ ਜਿਹੜੀ ਪੇਸ਼ਕਾਰੀ ਕੀਤੀ ਗਈ, ਉਸ ਵਿਚ ਕਲਾਕਾਰਾਂ ਦੇ ਹੱਥਾਂ ਵਿਚ ਡਾਂਗਾਂ ਸਨ ਜਿਨ੍ਹਾਂ ਦੀ ਸਹਾਇਤਾ ਨਾਲ ਵੱਖ ਵੱਖ ਕੰਪੋਜ਼ੀਸ਼ਨਾਂ ਬਣਦੀਆਂ ਸਨ। ਨਾਟਕ ਦਾ ਸੂਤਰਧਾਰ ਕਹਾਣੀ ਨੂੰ ਅੱਗੇ ਚਲਾਂਦਾ ਸੀ।

ਇਨ੍ਹਾਂ ਦੋਵੇਂ ਨਾਟਕਾਂ ਦੇ ਕੇਂਦਰੀ ਨੁਕਤੇ ਬੜੀ ਮਹੱਤਤਾ ਰੱਖਦੇ ਹਨ। ਨਾਟਕਾਂ ਦੀ ਪੇਸ਼ਕਾਰੀ ਵਿਚ ਜਿਥੇ ਮਿਹਨਤ ਅਤੇ ਲਗਨ ਰੂਪਮਾਨ ਸੀ ਉਥੇ ਕਿਧਰੇ ਕਿਧਰੇ ਇਹ ਵੀ ਮਹਿਸੂਸ ਹੁੰਦਾ ਸੀ ਕਿ ਨਵਾਂ ਕਰ ਕੇ ਵਿਖਾਉਣ ਦੀ ਰੁਚੀ, ਕੇਂਦਰੀ ਨੁਕਤੇ ਤੋਂ ਦਰਸ਼ਕਾਂ ਦਾ ਧਿਆਨ ਲਾਂਭੇ ਕਰਦੀ ਸੀ। ਇਸ ਬਾਰੇ ਧਿਆਨ ਰੱਖਣਾ ਜ਼ਰੂਰੀ ਹੈ।

**ਇਕ ਵਧੀਆ ਕਹਾਣੀ 'ਰਜ਼ਾਈ':** ਵਲੈਤ ਵਿਚ ਰਹਿੰਦੀ ਵੀਨਾ ਵਰਮਾ ਸਾਡੀ ਸਿਰਕੱਢ ਕਹਾਣੀਕਾਰਾਂ ਵਜੋਂ ਸਥਾਪਤ ਹੋ ਚੁੱਕੀ ਹੈ। ਉਹਦਾ ਕਹਾਣੀ ਸੰਗ੍ਰਹਿ 'ਮੁੱਲ ਦੀ ਤੀਵੀ' ਪੰਜਾਬੀ ਸਾਹਿਤ ਦੀ ਇਕ ਪ੍ਰਾਪਤੀ ਹੈ। 'ਕਹਾਣੀ ਪੰਜਾਬ' ਦੇ ਨੌਵੇਂ ਅੰਕ (ਅਕਤੂਬਰ- ਦਸੰਬਰ 1995) ਵਿਚ ਛਪੀ ਉਹਦੀ ਕਹਾਣੀ 'ਰਜ਼ਾਈ' ਇਕ ਚੋਟੀ ਦੀ ਕਹਾਣੀ ਹੈ। ਇਹਦੇ ਲਈ ਉਹ ਵਧਾਈ ਦੀ ਪਾਤਰ ਹੈ।

11-2-1996